25-4-19

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ**
**(ਅਮਲਾ-2 ਸ਼ਾਖਾ)**

ਵੱਲ;

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐ:ਸਿ)
ਪੰਜਾਬ।

1367
25/4/19

ਮੀਮੋ ਨੰ: 2/78-2018 ਅ2(1)/2019126271
ਮਿਤੀ, ਐਸ.ਏ.ਐਸ ਨਗਰ: 25-04-2019

ਵਿਸ਼ਾ:- ਐਸ.ਐਸ.ਏ/ ਰਮਸਾ ਤੋਂ ਸਿੱਖਿਆ ਵਿਭਾਗ ਵਿੱਚ ਮਰਜ ਹੋਏ ਅਧਿਆਪਕਾਂ ਦੀ ਸਰਟੀਫਿਕੇਟ ਵੈਰੀਫਿਕੇਸ਼ਨ ਅਤੇ ਤਨਖਾਹ ਡਰਾਅ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਸ.ਸ.ਅ./ਰਮਸਾ(ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਅਧੀਨ ਸਾਰੇ ਕਾਡਰਾਂ (ਈ.ਟੀ.ਟੀ., ਮਾਸਟਰ, ਲੈਕਚਰਾਰ, ਹੈਡ ਮਾਸਟਰ ਅਤੇ ਪ੍ਰਿੰਸੀਪਲ) ਦੇ ਅਧਿਆਪਕਾਂ ਨੂੰ ਵਿਭਾਗ ਪੰਜਾਬ ਸਰਕਾਰ ਵਿੱਚ ਅਧੀਸੂਚਨਾ ਨੰ: 1/62/12-3ਸਿ7/1330634/1 ਮਿਤੀ 9.10.2018 ਨੂੰ ਜਾਰੀ ਕੀਤੀ ਗਈ ਸੀ। ਇਸ ਅਧੀਨ ਸਿੱਖਿਆ ਵਿਭਾਗ ਵਿੱਚ ਆਉਣ ਵਾਲੇ ਅਧਿਆਪਕਾਂ ਨੂੰ ਸਮੇਂ-ਸਮੇਂ ਤੇ ਨਿਯੁਕਤੀ ਪੱਤਰ ਦਿੱਤੇ ਗਏ ਸਨ ਅਤੇ ਉਹਨਾਂ ਨੂੰ ਨਿਯੁਕਤੀ ਪੱਤਰ ਦੇਣ ਸਮੇਂ ਨਿਯੁਕਤੀ ਪੱਤਰ ਵਿੱਚ ਸ਼ਰਤ ਨੰ: 5-
**"ਆਪ ਸਬੰਧਤ ਕਾਡਰ ਵਿੱਚ ਸਬੰਧਤ ਵਿਸ਼ੇ ਦੀਆਂ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸ਼ਨਲ ਯੋਗਤਾਵਾਂ ਪੂਰੀਆਂ ਕਰਦਾ/ਕਰਦੀ ਹੋਵੇ। ਜੇ ਕੋਈ ਸਰਟੀਫਿਕੇਟ, ਦਸਤਾਵੇਜ਼ ਜਾਅਲੀ ਜਾਂ ਯੂ.ਜੀ.ਸੀ. ਵੱਲੋਂ ਨਿਰਧਾਰਤ ਸ਼ਰਤਾਂ ਅਨੁਸਾਰ ਸਹੀ ਨਹੀਂ ਪਾਇਆ ਜਾਂਦਾ ਤਾਂ ਆਪ ਨੂੰ ਬਿਨਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਸੇਵਾ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।"**
ਕਿਉਂਕਿ ਕਰਮਚਾਰੀ ਕਲਿਕ ਕਰਨ ਉਪਰੰਤ ਸਿੱਧੇ ਆਪਣੇ ਅਲਾਟ ਸਟੇਸ਼ਨਾਂ ਤੇ ਹਾਜਰ ਹੋ ਗਏ ਸਨ, ਇਸ ਲਈ ਇਸ ਸ਼ਰਤ ਦੇ ਤਹਿਤ ਸ.ਸ.ਅ./ਰਮਸਾ(ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਅਧੀਨ ਸਾਰੇ ਕਾਡਰਾਂ (ਈ.ਟੀ.ਟੀ., ਮਾਸਟਰ, ਲੈਕਚਰਾਰ, ਹੈਡ ਮਾਸਟਰ ਅਤੇ ਪ੍ਰਿੰਸੀਪਲ) ਦੇ ਅਧਿਆਪਕਾਂ ਜੋ ਵਿਭਾਗ ਵਿੱਚ ਸ਼ਾਮਲ ਹੋਣ ਦੀ ਆਪਸ਼ਨ ਦੇਣ ਉਪਰੰਤ ਵਿਭਾਗ ਦੀਆਂ ਅਸਾਮੀਆਂ ਤੇ ਹਾਜਰ ਹੋਏ ਹਨ, ਦੇ ਸਾਰੇ ਯੋਗਤਾ ਸਰਟੀਫਿਕੇਟ ਅਕਾਦਮਿਕ ਅਤੇ ਪ੍ਰੋਫੈਸ਼ਨਲ ਵੈਰੀਫਾਈ ਕਰਵਾਉਣੇ ਬਣਦੇ ਹਨ।

2. ਵਿਭਾਗ ਵਿੱਚ ਇੰਝ ਸ਼ਾਮਲ ਹੋਏ ਅਧਿਆਪਕਾਂ ਵਿੱਚੋਂ ਕੁਝ ਅਧਿਆਪਕ ਅਜਿਹੇ ਵੀ ਹਨ, ਜੋ ਡਿਮਾਂਡ ਅਸਾਮੀਆਂ ਤੇ ਹਾਜ਼ਰ ਹੋਏ ਸਨ ਪ੍ਰੰਤੂ ਉਨ੍ਹਾਂ ਦੇ ਸਕੂਲਾਂ ਵਿੱਚ ਪਾਲਿਸੀ ਅਨੁਸਾਰ ਅਸਾਮੀਆਂ ਦੀ ਰਚਨਾਂ ਕੀਤੀ ਜਾਣੀ ਨਹੀਂ ਬਣਦੀ। ਅਜਿਹੇ ਅਧਿਆਪਕਾਂ ਦੀ ਤਨਖਾਹ ਕਢਵਾਉਣ ਵਿੱਚ ਆ ਰਹੀਆਂ ਮੁਸ਼ਕਿਲਾਂ ਨੂੰ ਮੁੱਖ ਰੱਖਦੇ ਹੋਏ ਅਤੇ ਚੋਣ ਜਾਬਤਾ ਲਾਗੂ ਹੋਣ ਦੇ ਮੱਦੇਨਜਰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਤੱਕ ਅਜਿਹੇ ਅਧਿਆਪਕਾਂ ਦੀ ਵਿਭਾਗ ਵਿੱਚ ਲੋੜੀਂਦੇ ਸਟੇਸ਼ਨ ਉਪਰ ਅਡਜਸਟਮੈਂਟ ਨਹੀਂ ਹੋ ਜਾਂਦੀ ਉਦੋਂ ਤੱਕ ਇਨ੍ਹਾਂ ਦੀ ਤਨਖਾਹ ਸਬੰਧਤ ਜਿਲ੍ਹੇ ਵਿੱਚ ਉਪਲਬਧ ਖਾਲੀ ਅਸਾਮੀਆਂ ਵਿਰੁੱਧ ਕਢਵਾਈ ਜਾਵੇ।

ਇਹ ਹੁਕਮ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾ ਰਹੇ ਹਨ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

~~ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਅੰਮ੍ਰਿਤਸਰ।~~

Scanned by CamScanner

ਪਿਠ ਅੰਕਣ ਨੰ: ਅ-3/2019/ 2210-12
ਮਿਤੀ ਅੰਮ੍ਰਿਤਸਰ:- 29/04/19

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਪ੍ਰਿੰਸੀਪਲ/ਮੁਖਅਧਿਆਪਕ ਸ:ਸ:ਸ:ਸ; /ਸ:ਹ:ਸ: ਜਿਲ੍ਹਾ ਅੰਮ੍ਰਿਤਸਰ।
2. ਇੰਚਾਰਜ ਰਮਸਾ/ਐਸ.ਐਸ.ਏ. (ਇਸ ਦਫਤਰ ਵਿਚ)।
3. ਸੁਪਰਡੈਂਟ ਲੇਖਾ ਸ਼ਾਖਾ (ਇਸ ਦਫਤਰ ਵਿਚ)।

29/4/19
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ। ਮਨਮੀਤ ਕੌਰ 29/4/19

Scanned by CamScanner